ਵਿਸ਼ਾ- ਗੁਰਬਾਣੀ ਦੀ ਮਹੱਤਤਾ: ਮੱਧ ਕਾਲ, ਆਧੁਨਿਕ ਕਾਲ ਤੇ ਉੱਤਰ ਆਧੁਨਿਕ ਕਾਲ ਦੇ ਸੰਦਰਭ ਵਿਚ ਮਨੁੱਖੀ ਸਰੋਕਾਰ ਤੇ ਗੁਰਬਾਣੀ

ਲਈ ਪ੍ਰਸਤੁਤ ਖੋਜ ਪੱਤਰ

ਵੀਨਾ ਅਰੋੜਾ

ਐਚ.ਐਮ.ਵੀ. ਕਾਲਜ,

ਜਲੰਧਰ

ਸਾਹਿਤ ਸਮਾਜ ਦਾ ਦਰਪਣ ਹੈ, ਜੋ ਕਿਸੇ ਵੀ ਸਮਾਜ ਦੀ ਸਰਵਪੱਖੀ ਜਾਣਕਾਰੀ ਦਿੰਦਾ ਹੈ, ਤੇ ਸੰਸਾਰ ਦੇ ਸਭ ਖਿੱਤਿਆਂ ਵਿਚ ਰਹਿ ਰਹੇ ਲੋਕਾਂ ਦੀ ਜ਼ਿੰਦਗੀ ਦਾ ਮੁਤਾਲਿਆ ਉਨ੍ਹਾਂ ਦੀਆਂ ਸਾਹਿਤਕ ਕਿਰਤਾਂ ਵਿਚੋਂ ਸਹਿਜੇ ਹੀ ਕੀਤਾ ਜਾ ਸਕਦਾ ਹੈ ਤੇ ਉਸਾਰੂ ਸਾਹਿਤ ਕਿਸੇ ਵੀ ਕੌਮ ਦੀ ਜ਼ਿੰਦਗੀ ਦੇ ਉੱਚੇ ਮਿਆਰਾਂ ਨੂੰ ਨਿਸ਼ਚਿਤ ਕਰਦਾ ਹੈ। ਸਾਹਿਤ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾਂ ਦਾ ਸ੍ਰੋਤ ਬਣਕੇ ਉਨ੍ਹਾਂ ਦੀ ਜ਼ਿੰਦਗੀ ਨੂੰ ਰੁਸ਼ਨਾਉਂਦਾ ਹੈ, ਪੰਜਾਬੀ ਕੌਮ ਬਹਾਦਰ ਤੇ ਸਿਰੜੀ ਹੈ ਇਸ ਦੇ ਪ੍ਰਮਾਣ ਇਤਿਹਾਸਕ/ਸਾਹਿਤਕ ਹਵਾਲਿਆਂ ਤੋਂ ਹੀ ਮਿਲਦੇ ਹਨ।

ਸਾਹਿਤ ਦੇ ਪਾਠਕ ਕੋਲ ਅਜਿਹੀ ਸੂਝ ਬੂਝ ਤੇ ਦ੍ਰਿਸ਼ਟੀ ਹੁੰਦੀ ਹੈ ਜੋ ਆਮ ਵਿਅਕਤੀ ਕੋਲ ਸ਼ਾਇਦ ਸੰਭਵ ਨਹੀਂ ਕਿਉਂ ਕਿ ਸਾਹਿਤਕ ਕਿਰਤਾਂ ਵਿਚ ਮਹਾਨ ਵਿਅਕਤੀਆਂ ਦੀ ਜ਼ਿੰਦਗੀ ਦੇ ਅਨੁਭਵੀ ਹਵਾਲੇ ਬਹੁਤ ਅਹਿਮ ਹੁੰਦੇ ਹਨ ਤੇ ਜਦੋਂ ਪਾਠਕ ਦਾ ਵਾਸਤਾ ਇਨ੍ਹਾਂ ਤਜੁਰਬਿਆਂ ਨਾਲ ਹੁੰਦਾ ਹੈ ਤਾਂ ਉਸ ਦੀ ਸੋਚ ਦਾ ਘੇਰਾ ਵਿਸ਼ਾਲ ਹੋ ਜਾਂਦਾ ਹੈ। ਪੰਜਾਬੀ ਮੱਧਕਾਲੀ ਸਾਹਿਤ ਵਿਚ ਵੀ ਅਜਿਹੀਆਂ ਅਣਗਿਣਤ ਰਚਨਾਵਾਂ ਤੇ ਕਿਰਤਾਂ ਹਨ, ਜੋ ਮਨੁੱਖੀ ਜੀਵਨ ਨੂੰ ਅਹਿਮ ਸੇਧ ਪ੍ਰਦਾਨ ਕਰਦੀਆਂ ਹਨ, ਅਜਿਹੀਆਂ ਸਾਹਿਤਕ ਕਿਰਤਾਂ ਉਦੋਂ ਹੋਰ ਵੀ ਮੁੱਲਵਾਨ ਹੋ ਜਾਂਦੀਆਂ ਹਨ ਜਦੋ ਕਿਸੇ ਕੌਮ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਦੇ ਰਾਹ ਤੋਰਦੀਆਂ ਹਨ।

ਆਦਿਕਾਲ ਤੋਂ ਵੈਦਿਕ, ਅਵੈਦਿਕ ਚਿੰਤਨ ਪ੍ਰਣਾਲੀਆਂ ਮਨੁੱਖੀ ਚੇਤਨਾਂ ਨੂੰ ਆਪੋ ਆਪਣੇ ਤਰੀਕਿਆਂ ਨਾਲ ਸੰਬੋਧਿਤ ਹੁੰਦੀਆਂ ਰਹੀਆਂ ਹਨ। ਤੇ ਮੱਧ ਕਾਲ ਵਿਚ ਰਚੀ ਗਈ ਗੁਰਬਾਣੀ ਦੇ ਰਚਣਹਾਰਿਆਂ ਨੇ ਇਨ੍ਹਾਂ ਚਿੰਤਨ ਪ੍ਰਣਾਲੀਆਂ ਦੇ ਸਰੋਕਾਰਾਂ ਨੂੰ ਅੰਤਹ ਸੰਵਾਦ ਦੀ ਪ੍ਰਕਿਰਿਆਂ ਵਿਚ ਢਾਲ ਕੇ ਸਮਕਾਲੀ ਸਰੋਕਾਰਾ ਦੇ ਹਵਾਲੇ ਨਾਲ ਪ੍ਰਵਚਨ ਦੀ ਉਸਾਰੀ ਕੀਤੀ ਹੈ।

ਗੁਰਬਾਣੀ ਮੱਧ ਕਾਲੀ ਭਾਰਤ ਦੀ ਅਜਿਹੀ ਮੱਹਤਵਪੂਰਣ ਸਭਿਆਚਾਰਕ ਟੈਕਸਟ ਹੈ ਜੋ ਸਭਿਆਚਾਰਕ ਕ੍ਰਾਂਤੀ ਦਾ ਸੰਦੇਸ਼ ਦਿੰਦੀ ਹੈ। ਮਨੁੱਖੀ ਸਰੋਕਾਰ ਹੀ ਮਨੁੱਖੀ ਹੋਂਦ ਦਾ ਆਧਾਰ ਹਨ, ਵਿਸ਼ਾਲ ਜੀਵਨ ਇਨ੍ਹਾਂ ਸਰੋਕਾਰਾਂ ਨਾਲ ਹੀ ਪ੍ਰਵਾਹਿਤ ਹੁੰਦਾ ਚਲਿਆ ਆ ਰਿਹਾ ਹੈ ਤੇ ਪ੍ਰਸਿਧ ਆਲੋਚਕ ਨਾਰਥਰੋਪ ਫ਼ਰਾਈ ਅਨੁਸਾਰ ਅਸੀ ਇਸਨੂੰ 'ਸਰੋਕਾਰ ਦੀ ਮਿੱਥ' myth of Concern ਆਖ ਸਕਦੇ ਹਾਂ ਗੁਰਬਾਣੀ ਦੀਆਂ ਸਮੂਹ ਕਿਰਤਾਂ ਕਿਸੇ ਨਾ ਕਿਸੇ ਰੂਪ ਵਿਚ ਇਸੇ ਥੀਮਕ ਪੈਟਰਨ ਨੂੰ ਦੁਹਰਾਉਂਦੀਆਂ ਹਨ।'' ਪੰਨਾ 1

ਮੱਧਕਾਲ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇੱਕ ਸੁਨਹਿਰੀ ਕਾਲ ਹੈ ਤੇ ਗੁਰਮਤ ਵਿਚਾਰਧਾਰਾ ਇਸ ਕਾਲ ਦੀ ਸਭ ਤੋਂ ਸਸ਼ਕਤ ਤੇ ਪ੍ਰਮੁੱਖ ਪ੍ਰਵਿਰਤੀ ਹੈ। ਇੱਕੀਵੀਂ ਸਦੀ ਦੇ ਇਸ ਵਿਸ਼ਵੀਕਰਨ ਵਰਤਾਰੇ ਵਿਚ ਗੁਰਬਾਣੀ ਦਾ ਮਹੱਤਵ ਤੇ ਉਸ ਸੰਦਰਭ ਵਿਚ ਸੰਵਾਦ ਦਾ ਰਚਾਇਆ ਜਾਣਾ ਆਪਣੇ ਆਪ ਵਿਚ ਬਹੁਤ ਹੀ ਅਹਿਮ ਹੈ।



Scanned with CamScanner

ਗੁਰਬਾਣੀ ਦਾ ਖਜ਼ਾਨਾ ਮਨੁੱਖੀ ਜੀਵਨ ਦੇ ਹਰ ਪੱਖ ਤੇ ਸਦੀਵੀ ਪ੍ਰਕਾਸ਼ ਪਾਉਂਦਾ ਹੈ ਤੇ ਮਨੁੱਖ ਨੂੰ ਇਕ ਮਾਡਲ ਜੀਵਨ ਜੀਊਣ ਦੀ ਪ੍ਰੇਰਨਾ ਵੀ ਮਿਲਦੀ ਹੈ ।ਮਨੁੱਖੀ ਸਰੋਕਾਰਾਂ ਦੇ ਸੰਦਰਭ ਵਿਚ ਗੁਰਬਾਣੀ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ, ਮੈਂ ਅੱਜ ਇਥੇ ਇਸ ਸੰਦਰਭ ਵਿਚ ਗੱਲ ਕਰਨੀ ਚਾਹਾਂਗੀ ।ਗੁਰਬਾਣੀ ਦਾ ਅਸਲੀ ਉਦੇਸ਼ ਸਾਡੇ ਜੀਵਨ ਨੂੰ ਖੁਸ਼ੀਆਂ ਪ੍ਰਦਾਨ ਕਰਨਾ ਹੈ ਤੇ ਸਾਨੂੰ ਇਸ ਯੋਗ ਬਣਾਉਣਾ ਹੈ ਕਿ ਅਸੀਂ ਇਸ ਦੀ ਸੇਧ ਤੇ ਚੱਲ ਕੇ ਆਪਣੇ ਵਿਅਕਤੀਗਤ ਜੀਵਨ ਤੇ ਆਲੇ ਦੁਆਲੇ ਦੇ ਸਮਾਜ ਨੂੰ ਬਿਹਤਰ ਬਣਾ ਸਕੀਏ ।ਅਜਿਹਾ ਜੀਵਨ ਜੀਊਣ ਦੇ ਕਈ ਹਵਾਲੇ ਸਾਨੂੰ ਗੁਰਬਾਣੀ ਵਿਚੋਂ ਮਿਲਦੇ ਹਨ, ਅਜਿਹੇ ਸਾਰੇ ਹਵਾਲਿਆਂ ਦੀ ਪ੍ਰਸੰਗਿਕਤਾ ਤਿੰਨਾਂ ਕਾਲਾਂ ਵਿੱਚ ਇਕੋ ਜਿਹੀ ਹੈ।

ਵਿਦਿਆ ਵਿਚਾਰੀ ਤਾਂ ਪਰਉਪਕਾਰੀ ॥,ਅੰਗ ਨੰ 356

ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸ ਮਾਹਿ ॥,ਅੰਗ ਨੰ 466

ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ ॥,ਅੰਗ ਨੰ 470

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ ॥,ਅੰਗ ਨੰ 482

ਇਹ ਮੱਤ ਸਰਵਪ੍ਰਵਾਨਿਤ ਹੈ ਕਿ ਅਜੋਕੇ ਮਨੁੱਖ ਨੇ ਆਪਣੀ ਹਿਮਤ, ਦ੍ਰਿੜਤਾ ਤੇ ਵਿਸ਼ਵਾਸ ਨਾਲ ਵਿਸ਼ਵਪੱਧਰ ਤੇ ਹੈਰਾਨੀ ਜਨਕ ਵਿਕਾਸ ਕੀਤਾ ਹੈ। ਨਿੱਤ ਨਵੀਆਂ ਵਿਗਿਆਨਕ ਖੋਜਾਂ ਨੇ ਮਨੁੱਖੀ ਜੀਵਨ ਨੂੰ ਬਦਲ ਕੇ ਰੱਖ ਦਿੱਤਾ ਹੈ। ਕੰਪਿਊਟਰ ਤੇ ਮਲਟੀ ਮੀਡੀਆ ਨੇ ਹਜਾਰਾਂ ਮੀਲਾਂ ਦੀ ਦੂਰੀ ਨੂੰ ਖਤਮ ਕਰ ਸਮੁੱਚੇ ਵਿਸ਼ਵ ਨੂੰ ਇਕ ਘਰ ਵਾਂਗ ਬਣਾ ਦਿੱਤਾ ਹੈ ।ਵਿਕਾਸ ਗਤੀ ਨੇ ਜੀਵਨ ਦੇ ਜੋ ਰੰਗ ਢੰਗ ਬਦਲੇ ਨੇ, ਉਹ ਵੀ ਦੋ ਪਾਸੜ ਹੀ ਹਨ ।ਕਿਉਂ ਜੋ ਵਿਸ਼ਵੀਕਰਣ ਦੀ ਇਸ ਵਿਕਾਸ ਲਹਿਰ ਦਾ ਦੁਖਦਾਈ ਪਹਿਲੂ ਵੀ ਬਹੁਤ ਵਿਰਾਟ ਹੈ। ਪਦਾਰਥਵਾਦ ਦੇ ਇਸ ਦੌਰ ਵਿਚ ਨਿਜਵਾਦ ਤੇ ਨਿੱਜ ਲਾਭ ਚਾਰੇ ਪਾਸੇ ਫੈਲ ਗਿਆ ਹੈ, ਜਿਸ ਕਰਕੇ ਮਾਨਵੀ ਰਿਸ਼ਤੇ ਤਿੜਕ ਰਹੇ ਹਨ ।ਮਾਰੂ ਹਥਿਆਰ ਸੰਸਾਰ ਅਮਲ ਲਈ ਵੱਡਾ ਖ਼ਤਰਾ ਬਣ ਰਹੇ ਨੇ ।ਆਪਾ ਧਾਪੀ, ਰਿਸ਼ਵਤਖੋਰੀ, ਬੇਇਨਸਾਫੀ, ਹਿੰਸਾ, ਫ਼ਿਰਕੂ ਦੰਗੇ, ਆਦਿ ਵੱਧ ਰਹੀਆਂ ਘਟਨਾਵਾਂ ਮਨੁੱਖਤਾ ਲਈ ਬਹੁਤ ਹੀ ਘਾਤਕ ਬਣ ਰਹੀਆਂ ਹਨ ਜਿਸ ਸਦਕਾ ਮਾਨਵੀ ਰਿਸ਼ਤੇ, ਪ੍ਰੇਮ, ਸਾਂਝ ਤੇ ਇਕ ਦੂਜੇ ਦੇ ਦੁੱਖ-ਸੁੱਖ ਨੂੰ ਸਮਝਣ ਦੀ ਭਾਵਨਾ ਖਤਮ ਹੁੰਦੀ ਜਾ ਰਹੀ ਹੈ ।ਸੰਸਾਰ ਦੀਆਂ ਵੱਡੀਆਂ ਤਾਕਤਾਂ ਹਥਿਆਰ ਬਣਾਉਣ ਅਤੇ ਦੂਜਿਆਂ ਨੂੰ ਖਤਮ ਕਰਨ ਤੇ ਉਤਾਰੂ ਹਨ ਜਦੋਂ ਕਿ ਦੁਨੀਆਂ ਦੇ ਦੋ-ਤਿਹਾਈ ਲੋਕ ਰਾਤ ਨੂੰ ਭੁੱਖੇ ਹੀ ਸੌਂਦੇ ਹਨ, ਅਜਿਹੇ ਸਾਰੇ ਵਰਤਾਰੇ ਪ੍ਰਤੀ ਚਿੰਤਨ ਦੀ ਵੱਡੀ ਲੋੜ ਹੈ ਤੇ ਮੱਧ ਕਾਲ ਵਿਚ ਰਚੀ ਗਈ ਗੁਰਬਾਣੀ ਇਸ ਉੱਤਰ ਆਧੁਨਿਕ ਕਾਲ ਵਿਚ ਵੀ ਮਾਨਵਤਾ ਨੂੰ ਵੱਡਾ ਸੁਨੇਹਾ ਦੇ ਰਹੀ ਹੈ ।ਗੁਰਬਾਣੀ ਮਿਹਨਤ ਕਰਨ, ਇਮਾਨਦਾਰੀ ਵਰਤਣ, ਭੇਦ ਭਾਵ ਰਹਿਤ ਜੀਵਨ ਬਤੀਤ ਕਰਨ, ਪਰਉਪਕਾਰੀ ਬਣਨ, ਹਉਮੈ ਦਾ ਤਿਆਗ ਕਰਨ, ਨਿਮਰਤਾ ਨੂੰ ਧਾਰਨ ਕਰਨ, ਝੂਠ ਦਾ ਪੱਲਾ ਛੱਡ ਸੱਚ ਨੂੰ ਅਪਨਾਉਣ ਦਾ ਜੋ ਮਾਨਵੀ ਸੰਦੇਸ਼ ਦਿੰਦੀ ਹੈ, ਦਾ ਹਰ ਸਮੇਂ ਆਪਣਾ ਮਹੱਤਵ ਹੈ ।

ਗੁਰਬਾਣੀ ਇਕ ਓਂਕਾਰ ਦਾ ਹੀ ਗੁਣਗਾਨ ਹੈ ।ਇਕ ਈਸ਼ਵਰ ਦੇ ਮੂਲ ਗੁਣਾ ਦਾ ਵਰਣਨ ਮੂਲ ਮੰਤਰ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ ਉਹ ਜਿਥੇ ਕਰਤਾ ਹੈ ਉਥੇ ਉਹ ਨਿਰਭਊ ਹੈ, ਨਿਰਵੈਰ, ਅਜੂਨੀ ਹੈ ਇਸ ਧਾਰਨਾ ਦਾ ਕਿਸੇ ਮਜ਼ਬ ਨਾਲ ਕੋਈ ਸਬੰਧ ਨਹੀਂ, ਭਾਵੇਂ ਵੱਖ-ਵੱਖ ਮਜ਼ਬਾਂ ਧਰਮਾਂ ਦੇ ਲੋਕਾਂ ਨੇ ਉਸ ਦੇ ਰਾਮ, ਅੱਲ੍ਹਾ, ਗੌਡ, ਵਾਹਿਗੁਰੂ ਆਦਿ ਵੱਖੋ-ਵੱਖਰੇ ਨਾਮ ਰੱਖ ਲਏ ਹਨ ਪਰ ਗੁਰਬਾਣੀ ਉਸ ਇਕ ਦਾ ਜ਼ਿਕਰ ਕਰਦੀ ਹਰ ਤਰ੍ਹਾਂ ਭੇਦ-ਭਾਵ ਤੇ ਜਾਤ-ਪਾਤ ਤੋਂ ਉਪਰ ਉਠ ਕੇ ਮਨੁੱਖਤਾ ਨੂੰ ਨੀਵਿਆਂ ਤੇ ਨੀਚਾ ਨਾਲ ਖੜ੍ਹੇ ਹੋਣ ਦੀ ਪ੍ਰੇਰਨਾ ਦਿੰਦੀ ਹੈ।

ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥

ਨਾਨਕ ਤਿਨ ਕੈ ਸੰਗਿ ਸਾਥ ਵਡਿਆਂ ਸਿਉ ਕਿਆਂ ਰੀਸ ॥



Scanned with CamScanner

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ਅੰਗ ਨੰ 15

ਗੁਰੂ ਨਾਨਕ ਦੇਵ ਜੀ ਦਾ ਇਹ ਮੱਤ ਬੜਾ ਹੀ ਸਪਸ਼ਟ ਹੈ ਕਿ ਪ੍ਰਭੂ-ਪਰਮੇਸ਼ਵਰ ਦੀ ਕਿਰਪਾ ਉਥੇ ਹੀ ਹੁੰਦੀ ਹੈ ਜਿਥੇ ਇਨ੍ਹਾਂ ਪਛੜੇ ਤੇ ਗਰੀਬ੍ਹ ਲੋਕਾਂ ਦੀ ਸੰਭਾਲ ਹੁੰਦੀ ਹੈ ਉਨ੍ਹਾਂ ਅਨੁਸਾਰ ਉਹੀ ਸਮਾਜ ਸ਼ਸ਼ਕਤ ਹੋ ਸਕਦਾ ਹੈ ਜਿਥੇ ਕੋਈ ਨੀਚ ਨਹੀਂ, ਕੋਈ ਗਰੀਬ ਨਹੀਂ, ਕੋਈ ਤ੍ਰਿਸਕਾਰ ਦਾ ਪਾਤਰ ਨਹੀਂ, ਕੋਈ ਬੇਗਾਨਾਂ ਨਹੀਂ, ਤੇ ਹਰ ਵਿਅਕਤੀ ਨੂੰ ਜੀਵਨ ਜੀਉਣ ਦੇ ਬਰਾਬਰ ਹੱਕ ਮਿਲਦੇ ਹਨ ।ਗੁਰੂ ਅਰਜਨ ਦੇਵ ਜੀ ਅਜਿਹੇ ਬਰਾਬਰੀ ਵਾਲੇ ਸਮਾਜ ਨੂੰ ਇਸ ਤਰ੍ਹਾਂ ਚਿਤਰ ਰਹੇ ਹਨ:

ਸਭੇ ਸਾਂਝੀਵਾਲ ਸਦਾਇਨਿ

ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥,ਅੰਗ ਨੰ 97

ਮੱਧ ਕਾਲ ਵਿਚ ਗੁਰੂ ਸਾਹਿਬਾਨ ਦੁਆਰਾ ਰਚੀ ਗਈ ਗੁਰਬਾਣੀ ਨੇ ਇਨਕਲਾਬੀ ਭੂਮਿਕਾ ਨਿਭਾਈ ਤੇ ਮੈਂ ਇਹ ਸਮਝਦੀ ਹਾਂ ਕਿ ਅੱਜ ਵੀ ਗੁਰਬਾਣੀ ਮਨੁੱਖੀ ਸਰੋਕਾਰਾਂ ਦੇ ਸੰਦਰਭ ਵਿਚ ਮਨੁੱਖਤਾ ਦੀ ਵੱਡੇ ਪੱਧਰ ਤੇ ਅਗਵਾਈ ਕਰਕੇ ਮਨੁੱਖੀ ਸਮਾਜ ਨੂੰ ਸੁਹਾਵਣਾ ਬਣਾਉਣ ਲਈ ਯਤਨਸ਼ੀਲ ਹੈ ।ਗੁਰਬਾਣੀ ਇਸ ਤੱਥ ਨੂੰ ਦ੍ਰਿੜ ਕਰਦੀ ਹੈ ਕਿ ਕਿਸੇ ਧਰਮ ਜਾਂ ਈਸ਼ਵਰ ਵਿਚ ਵਿਸ਼ਵਾਸ ਨਾ ਰੱਖਣ ਵਾਲਾ, ਪਰ ਮਨੁੱਖਤਾ ਨੂੰ ਪਿਆਰ ਕਰਨ ਵਾਲਾ ਵਿਅਕਤੀ ਸ਼ੁਭ ਕਾਰਜਾਂ ਦੇ ਸਮਾਜਿਕ ਮਹੱਤਵ ਤੋਂ ਇਨਕਾਰੀ ਨਹੀਂ ਹੋ ਸਕਦਾ ।

ਗੁਰਬਾਣੀ ਦੀ ਕੇਵਲ ਅਧਿਆਤਮਕ ਦ੍ਰਿਸ਼ਟੀ ਤੋਂ ਹੀ ਮਹੱਤਤਾ ਨਹੀਂ, ਸਗੋਂ ਪਦਾਰਥਕ ਦ੍ਰਿਸ਼ਟੀ ਤੋਂ ਇਸ ਸਰੋਕਾਰ ਨੂੰ ਗੁਰੂ ਨਾਨਕ ਦੇਵ ਜੀ ਨੇ ਰਾਗ ਆਸਾ ਵਿਚ ਲਿਖਿਆ ਹੈ ।

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥,ਅੰਗ ਨੰ 417

ਉਪਰੋਕਤ ਵਿਚਾਰ / ਧਾਰਨਾ ਕੇਵਲ ਵਿਅਕਤੀ ਵਿਸ਼ੇਸ਼ ਉਤੇ ਨਹੀਂ, ਸਗੋਂ ਸਮਾਜ ਉਤੇ ਵੀ ਲਾਗੂ ਹੁੰਦੀ ਹੈ ਕਿ ਲੁੱਟ ਖਸੁੱਟ, ਭ੍ਰਿਸ਼ਟਾਚਾਰ, ਸਦਕਾ ਹੀ ਵੱਡੇ ਪੱਧਰ ਤੇ ਧੰਨ ਦੌਲਤ ਇਕਠੀ ਹੁੰਦੀ ਹੈ ।ਗੁਰਬਾਣੀ ਇਸ ਗੱਲ ਦਾ ਸਾਫ ਸੰਕੇਤ ਦਿੰਦੀ ਹੈ ਕਿ ਪਦਾਰਥਕ ਰੂਪ ਵਿਚ ਸਮਾਨਤਾ ਦਾ ਸਮਾਜ ਸਿਰਜਨਾਂ ਹੈ ਤਾਂ ਆਰਥਿਕ ਲੁੱਟ ਖਸੁੱਟ ਵਾਲੇ ਪ੍ਰਬੰਧ ਨੂੰ ਤਿਆਗਣਾ ਪਵੇਗਾ ।

ਅੱਜ ਸਵਾਲ ਇਨਸਾਫ, ਬਰਾਬਰਤਾ, ਹੱਕ ਤੇ ਸੱਚ, ਨਿਆਂ, ਮਨੁੱਖੀ ਅਧਿਕਾਰਾਂ ਤੇ ਇਨ੍ਹਾਂ ਮਨੋਰਥਾ ਲਈ ਸੰਘਰਸ਼ ਕਰਨ ਦਾ ਹੈ, ਤੇ ਗੁਰਬਾਣੀ ਇਸ ਸਭ ਕੁਝ ਲਈ ਪ੍ਰੇਰਨਾ ਦਾ ਸੋਮਾ ਬਣ ਸਕਦੀ ਹੈ । ਗੁਰਬਾਣੀ ਦਾ ਵਿਗਿਆਨਕ ਆਧਾਰ ਵੀ ਆਪਣੇ ਆਪ ਵਿਚ ਬਹੁਤ ਅਹਿਮ ਹੈ ਜੋ ਮਨੁੱਖ ਨੂੰ ਹਰ ਯੁੱਗ ਵਿਚ ਹਰ ਤਰ੍ਹਾਂ ਦੇ ਝੂਠੇ ਅੰਧ ਵਿਸ਼ਵਾਸਾਂ ਤੇ ਕਰਮਕਾਂਡਾਂ ਤੋਂ ਬਚਾ ਕੇ ਰੱਖਦਾ ਹੈ ।ਤੇ ਗੁਰਬਾਣੀ ਦੀ ਅਜਿਹੀ ਪਹੁੰਚ ਮਨੁੱਖ ਨੂੰ ਭਟਕਣਾਂ ਤੋਂ ਬਚਾ ਕੇ ਰੱਖਦੀ ਹੈ।

ੳ. ਧਰਤੀ ਹੋਰੁ ਪਰੈ ਹੋਰੁ ਹੋਰੁ ॥

ਇਸ ਤੇ ਭਾਰੁ ਤਲੈ ਕਵਣੁ ਜੋਰੁ ॥,ਅੰਗ ਨੰ 3

ੲ. ਭੈ ਵਿਚਿ ਸੂਰਜੁ ਭੈ ਵਿਚਿ ਚੰਦੁ

ਕੋਹ ਕਰੋੜੀ ਚਲਤ ਨ ਅੰਤੁ ॥[10]ਅੰਗ 464

ਗੁਰਬਾਣੀ ਹਰ ਕਾਲ ਦੇ ਆਰਥਿਕ, ਸਮਾਜਿਕ ਤੇ ਮਨੋਵਿਗਿਆਨਕ ਜੀਵਨ ਨੂੰ ਵੀ ਸੰਬੋਧਿਤ ਹੈ ।

- ਹੱਕ ਪਰਾਇਆ ਨਾਨਕਾ, ਉਸ ਸੂਅਰ ਉਸੁ ਗਾਇ ॥[11] ਅੰਗ ਨੰ 141



Scanned with CamScanner

- ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥[12] ਅੰਗ ਨੰ 473
- ਘਾਲ ਖਾਇ ਕਿਛੁ ਹਥਹੁ ਦੇਇ ॥
- ਨਾਨਕ ਰਾਹੁ ਪਛਾਣਹਿ ਸੇਇ ॥[13] ਅੰਗ ਨੰ 1245

ਜੇ ਗੁਰਬਾਣੀ ਨੂੰ ਸਹਿਜ ਪੜ੍ਹ ਕੇ ਸਮਝਿਆ ਜਾਵੇ ਤਾਂ ਇਸ ਵਿਚ ਮਨੁੱਖੀ ਜੀਵਨ ਦੇ ਹਰ ਪ੍ਰਸ਼ਨ ਦਾ ਉੱਤਰ ਹੈ, ਹਰ ਦਵੰਦ / ਤਨਾਉ ਤੋਂ ਛੁਟਕਾਰਾ ਪਾਉਣ ਦਾ ਰਾਹ ਮੌਜੂਦ ਹੈ ।ਅੱਜ ਦੀ ਤੇਜ਼ ਰਫ਼ਤਾਰ ਪਦਾਰਥਕ ਜ਼ਿੰਦਗੀ ਵਿਚ ਮਨੁੱਖ ਸਭ ਕੁਝ ਜਲਦੀ ਨਾਲ ਹਾਸਲ ਕਰ ਲੈਣਾ ਚਾਹੁੰਦਾ ਹੈ ਪਰ ਜੀਵਨ ਦੇ ਹਰ ਕਦਮ ਤੇ ਦੁੱਖ ਤੇ ਸੁੱਖ ਹਨੇਰੇ ਤੇ ਚਾਨਣ ਵਾਂਗ ਚਲਦੇ ਰਹਿੰਦੇ ਹਨ ।ਗੁਰਬਾਣੀ ਵਿਚ ਇਸ ਤੱਥ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ।

ਦੁੱਖ ਸੁੱਖ ਸਮ ਕਪੜੇ ਪਹਿਰੇ ਆਏ ਮਨੁੱਖ ॥[14] ਅੰਗ 149

ਗੁਰਬਾਣੀ ਮਨੁੱਖ ਅੰਦਰ ਇਹ ਚੇਤਨਾ ਪੈਦਾ ਕਰਦੀ ਹੈ ਕਿ ਜੀਵਨ ਦੀ ਹਰ ਸੱਮਸਿਆ ਦਾ ਹੱਲ ਸੰਵਾਦ ਹੈ ਤੇ ਸੰਵਾਦ ਨਾਲ ਹੀ ਮਨੁੱਖੀ ਜੀਵਨ ਦੀਆਂ ਦਾਰਸ਼ਨਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਸਮੱਸਿਆਵਾਂ ਹੱਲ ਹੁੰਦੀਆਂ ਹਨ ।

ਜਬ ਲਗੁ ਦੁਨੀਆ ਰਹੀਐ ਨਾਨਕ ॥

ਕਿਛੁ ਸੁਣੀਐ ਕਿਛੁ ਕਹੀਐ ॥[15] ਅੰਗ ਨੰ 660

ਵਿਸ਼ਵੀਕਰਣ ਦੇ ਇਸ ਯੁੱਗ ਵਿਚ, ਜਦੋਂ ਮਨੁੱਖ ਤਣਾਉ ਦਾ ਸ਼ਿਕਾਰ ਹੋਇਆ ਆਪਣੀ ਬਹੁਤ ਹੀ ਕੀਮਤੀ ਜ਼ਿੰਦਗੀ ਨੂੰ ਖਤਮ ਕਰਨ ਵੱਲ ਤੁਰ ਪਿਆ ਹੈ ਤੇ ਘੋਰ ਨਿਰਾਸ਼ਾ ਦੀ ਖੱਡ ਵਿਚ ਡਿੱਗੇ ਮਨੁੱਖ ਨੂੰ ਗੁਰਬਾਣੀ ਪੂਰੀ ਸ਼ਿੱਦਤ ਨਾਲ ਜੀਊਣ ਦਾ ਰਾਹ ਦਸਦੀ ਹੈ ।

ਮਾਨਵ ਜਨਮ ਦੁਲੰਭ ਹੈ, ਹੋਏ ਨਾ ਬਾਰੰਬਾਰ ॥[16] ਅੰਗ ਨੰ 667

1*ਵੀਂ ਸਦੀ ਈਸਵੀ ਤੋਂ ਲੈ ਕੇ 17ਵੀਂ ਸਦੀ ਈਸਵੀ ਤੱਕ ਦੇ ਲੰਮੇ ਵਿਸਤਾਰ ਵਿਚ ਪ੍ਰਵਾਹਿਤ ਹੋਣ ਵਾਲੀ ਗੁਰਬਾਣੀ ਸਿਰਫ਼ ਪੰਜਾਬ ਨਾਲ ਹੀ ਨਹੀਂ ਸਗੋਂ ਭਾਰਤੀ ਉਪ-ਮਹਾਂਦੀਪ ਦੇ ਭਿੰਨ-ਭਿੰਨ ਭੂਗੋਲਿਕ ਖੇਤਰਾਂ ਨਾਲ ਵੀ ਸੰਬੰਧਿਤ ਹੈ।ਗੁਰਬਾਣੀ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਧਾਰਮਿਕ ਅਨੁਭਵ ਅਤੇ ਬੋਧ ਨੂੰ ਕਾਵਿਕ ਸੰਗਠਨ ਦੇ ਮਾਧਿਅਮ ਰਾਹੀਂ ਪੇਸ਼ ਕਰਨ ਵਲ ਰੁਚਿਤ ਹੁੰਦੀ ਹੈ ।ਇਹ ਮਨੁੱਖੀ ਜੀਵਨ ਦੇ ਹੋਂਦ-ਮੁਖੀ ਮਸਲਿਆਂ ਤੇ ਸਰੋਕਾਰਾਂ ਨੂੰ ਅਧਿਆਤਮ ਚਿੰਤਨ ਤੇ ਚੇਤਨਾ ਦੇ ਹਵਾਲੇ ਨਾਲ ਪ੍ਰਸਤੁਤ ਕਰਦੀ ਹੈ ।[17] ਪੰਨਾ 1/2

ਗੁਰਮਤਿ ਵਿਸ਼ਵ-ਦ੍ਰਿਸ਼ਟੀ ਦੇ ਦੋ ਪ੍ਰਮੁੱਖ ਤੱਤ ਹਨ - ਰਹੱਸਵਾਦ ਅਤੇ ਨੈਤਿਕਤਾ ।ਗੁਰਬਾਣੀ ਦੇ ਰਹੱਸਵਾਦ ਦੀ ਬੁਨਿਆਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸੰਸਾਰ ਤਿਆਗ ਦਾ ਮਾਰਗ ਨਹੀਂ ਤੇ ਨਾਂ ਹੀ ਇਕਲਤਾ ਦੀ ਉਡਾਨ ਹੈ ਸਗੋਂ ਇਹ ਤਾਂ ਸੰਸਾਰ ਵਿਚ ਰਹਿੰਦਿਆਂ ਸਮਾਜਿਕ ਰਿਸ਼ਤਿਆਂ ਦੀ ਇਕਸੁਰਤਾ ਦਾ ਸੰਦੇਸ਼ ਦਿੰਦਾ ਹੈ ।ਗੁਰੂ ਅਰਜਨ ਦੇਵ ਜੀ ਦੀ ਬਾਣੀ ਅਨੁਸਾਰ ।

ਨਾ ਕੋ ਬੈਰੀ ਨਹੀਂ ਬਿਗਾਨਾ

ਸਗਲ ਸੰਗਿ ਹਮ ਕਉ ਬਨਿ ਆਈ ॥[18] ਅੰਗ ਨੰ 1299

ਇਸ ਸਭ ਕੁਝ ਦਾ ਨੈਤਿਕ ਪੱਖ ਸੱਚ, ਸੰਜਮ, ਸੰਤੋਖ ਅਤੇ ਦਇਆਂ ਹਮਦਰਦੀ ਵਰਗੀਆਂ ਕਦਰਾਂ ਕੀਮਤਾਂ ਨੂੰ ਉਤਸ਼ਾਹਿਤ ਕਰਕੇ ਸਮਾਜਿਕ ਰਿਸ਼ਤਿਆਂ ਨੂੰ ਮਜਬੂਤ ਕਰਨਾ ।ਹਉਮੈ ਦਾ ਤਿਆਗ ਕਰਕੇ ਪਰਸਪਰ ਸੁਹਿਰਦਤਾ ਦੇ ਮਾਰਗ ਤੇ ਚੱਲਣਾ ਹੈ ।ਇਸੇ ਰੁਚੀ ਤਹਿਤ ਮਨੁੱਖ ਸਰਬ ਹਿੱਤਾਂ ਦੀ ਗੱਲ ਸੋਚਦਾ ਹੈ ਗੁਰਬਾਣੀ ਦੀ ਵਿਸ਼ਵ-ਦ੍ਰਿਸ਼ਟੀ ਦਾ ਉਪਰੋਕਤ ਪਾਸਾਰ ਕਿਸੇ ਨਾ ਕਿਸੇ ਰੂਪ ਵਿਚ ਇਸਦੇ ਵਿਸ਼ੈਗਤ ਸਰੋਕਾਰਾਂ



Scanned with CamScanner

ਦਾ ਆਧਾਰ ਬਣਦਾ ਹੈ । ਰਹੱਸਵਾਦ ਤੇ ਨੈਤਿਕਤਾ ਦਾ ਸੰਜੋਗ ਗੁਰਬਾਣੀ ਨੂੰ ਵਿਸ਼ਵ ਦ੍ਰਿਸ਼ਟੀ ਦੇ ਹਵਾਲੇ ਨਾਲ ਹੋਰਨਾਂ ਰਹੱਸਵਾਦੀ ਮਾਰਗਾਂ ਨਾਲੋਂ ਅਲਗ ਕਰ ਦਿੰਦਾ ਹੈ।

ਗੁਰਬਾਣੀ ਦਾ ਸੰਬੰਧ ਭਾਰਤੀ ਇਤਿਹਾਸ ਦੇ ਉਸ ਦੌਰ ਨਾਲ ਹੈ ਜਿਸ ਨੂੰ ਮੱਧਕਾਲੀ ਚੇਤਨਾ ਅਤੇ ਸੰਵੇਦਨਾ ਦਾ ਦੌਰ ਕਿਹਾ ਜਾਂਦਾ ਹੈ । ਮਨੁੱਖੀ ਸੋਚ ਈਸ਼ਵਰਵਾਦੀ ਹੈ ਅਤੇ ਉਸ ਦੀ ਵਿਸ਼ਵ ਦ੍ਰਿਸ਼ਟੀ ਅਧਿਆਤਮਕ ਹੈ । ਇਸ ਵਿਸ਼ਵ ਦ੍ਰਿਸ਼ਟੀ ਦੇ ਪਿਛੋਕੜ ਵਿਚ ਮੁੱਖ ਤੌਰ ਤੇ ਭਾਰਤੀ ਦਰਸ਼ਨ ਦੀ ਅਧਿਆਤਮਵਾਦੀ ਪਰੰਪਰਾ ਕਾਰਜਸ਼ੀਲ ਰਹਿੰਦੀ ਹੈ । ਇਸ ਸੈਮੀਨਾਰ ਦੀ ਸਾਰਥਕਤਾ ਇਸ ਗੱਲ ਵਿਚ ਵੀ ਹੈ ਕਿ ਮਨੁੱਖੀ ਅੰਤਰ ਵਿਰੋਧਾਂ ਦੇ ਗਰਭ ਵਿਚ ਹੀ ਭਵਿੱਖ ਦਾ ਸਮਾਜ ਪਲ ਰਿਹਾ ਹੁੰਦਾ ਹੈ ਜਿਵੇਂ ਅੰਤਰ ਵਿਰੋਧਾਂ ਵਿਚੋਂ ਭਵਿੱਖ ਦਾ ਸਮਾਜ ਦੇਖਿਆ ਜਾ ਸਕਦਾ ਹੈ ਇਵੇਂ ਹੀ ਵਰਤਮਾਨ ਦੇ ਅੰਤਰ ਵਿਰੋਧ ਨੂੰ ਸਮਝਣ ਲਈ ਅਤੀਤ ਵੱਲ ਵੇਖਣਾ ਜਰੂਰੀ ਬਣ ਜਾਂਦਾ ਹੈ । ਤੇ ਜਿਨ੍ਹਾਂ ਕੋਈ ਆਪਣੇ ਅਤੀਤ ਨੂੰ ਸਮਝਣ ਦੇ ਸਮਰੱਥ ਹੁੰਦਾ ਹੈ ਉਨ੍ਹਾਂ ਹੀ ਉਹ ਵਰਤਮਾਨ ਨੂੰ ਵਧੀਆ ਤਰੀਕੇ ਨਾਲ ਸਮਝ ਸਕਦਾ ਹੈ ਜਿੰਨ੍ਹਾਂ ਵਰਤਮਾਨ ਨੂੰ ਵਧੀਆਂ ਸਮਝ ਸਕਦਾ ਹੈ ਉਨ੍ਹਾਂ ਵਧੀਆਂ ਉਹ ਭਵਿੱਖ ਦੇ ਸਮਾਜ ਦੀ ਕਲਪਨਾ ਕਰ ਸਕਦਾ ਹੈ ਤੇ ਅਜਿਹੀ ਚੇਤਨਾ ਨੂੰ ਪ੍ਰਬਲ ਕਰਨ ਵਿਚ ਗੁਰਬਾਣੀ ਦਾ ਅਹਿਮ ਰੋਲ ਹੈ, ਜਿਸ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ । ਕਿਉਂ ਜੋ ਗੁਰਬਾਣੀ ਕੇਵਲ ਧਰਮ ਦਾ ਅਧਿਆਤਮਕ ਫਲ਼ਸਫ਼ਾ ਹੀ ਪੇਸ਼ ਨਹੀਂ ਕਰਦੀ ਸਗੋਂ ਇਸ ਦੀ ਪਹੁੰਚ ਜੀਵਨ ਦੇ ਸਮਾਜਿਕ, ਆਰਥਿਕ, ਸਭਿਆਚਾਰਕ, ਰਾਜਨੀਤਕ, ਵਿਗਿਆਨਕ ਹਰ ਪੜਾਅ ਤੱਕ ਹੈ । ਗੁਰਬਾਣੀ ਰਾਹੀਂ ਮਾਨਵਵਾਦੀ ਵਿਚਾਰਾਂ ਦਾ ਪ੍ਰਚਾਰ ਤੇ ਪ੍ਰਸਾਰ ਮੱਧ ਕਾਲ ਤੋਂ ਆਰੰਭ ਹੋ ਉੱਤਰ ਆਧੁਨਿਕ ਕਾਲ ਤੱਕ ਇਕੋ ਜਿਹੇ ਮਹੱਤਵ ਦਾ ਧਾਰਨੀ ਹੈ।

ਲੋੜ ਹੈ ਕਿ ਅਸੀਂ ਵਿਰਸੇ ਨੂੰ ਵਰਤਮਾਨ ਦੇ ਸਰੋਕਾਰਾਂ ਦੀ ਰੌਸ਼ਨੀ ਵਿਚ ਸਾਰਥਕ ਅਤੇ ਪ੍ਰਸੰਗਿਕ ਰੂਪ ਵਿਚ ਗ੍ਰਹਿਣ ਕਰੀਏ । ਨਵੇਂ ਮਸਲੇ ਅਤੇ ਮਾਨਵੀ ਸਰੋਕਾਰ ਆਧੁਨਿਕ ਜਾਂ ਉੱਤਰ ਆਧੁਨਿਕ ਸਥਿਤੀ ਅਤੇ ਸੋਚ ਨਾਲ ਹੀ ਸਬੰਧ ਰਖਦੇ ਹਨ ਅਤੇ ਗੁਰਬਾਣੀ ਇਹਨਾਂ ਸਾਰੇ ਸੰਦਰਭਾਂ ਵਿੱਚ ਬਹੁਤ ਹੀ ਮਹੱਤਵਪੂਰਨ ਹੈ।



Scanned with CamScanner